# ਜ਼ਿਆਦਾ ਪੁਲਿਸ। ਜ਼ਿਆਦਾ ਸੁਰੱਖਿਆ। ਬੇਹਤਰ ਰੋਕਥਾਮ। ਇੱਕ ਸੁਰੱਖਿਅਤ ਭਾਈਚਾਰਾ।

## ਤੁਸੀਂ ਕੀ ਦੇਖੋਗੇ

### ਘਟ ਰਿਹਾ ਨੁਕਸਾਨ

ਜ਼ਿਆਦਾ ਨਾਜਾਇਜ਼ ਨਸ਼ੇ ਜ਼ਬਤ ਕੀਤੇ

ਨੌਜਵਾਨਾਂ ਦੇ ਅਪਰਾਧ ਖਿਲਾਫ 24 ਮਾਹਿਰ ਅਧਿਕਾਰੀਆਂ ਦੁਆਰਾ ਬੇਹਤਰ ਕਾਰਵਾਈ

ਨੌਜਵਾਨਾਂ ਨੂੰ ਸਕੂਲ, ਸਿਖਲਾਈ ਅਤੇ ਨੌਕਰੀਆਂ ਨਾਲ਼ ਜੋੜਨ ਲਈ ਸਹਾਇਤਾ

ਪੁਲਿਸ ਦੀ ਵਧੀ ਹੋਈ ਮੌਜੂਦਗੀ ਨਾਲ਼ ਅੱਤਵਾਦ ਦੇ ਖਤਰੇ ਖ਼ਿਲਾਫ਼ ਭਾਈਚਾਰੇ ਨੂੰ ਸੁਰੱਖਿਅਤ ਕਰਨਾ

ਸ਼ਹਿਰ ਦੀਆਂ ਪ੍ਰਮੁੱਖ ਥਾਵਾਂ ਉੱਤੇ ਖ਼ਤਰਨਾਕ ਵਾਹਨ-ਹਮਲਿਆਂ ਦੇ ਖਤਰੇ ਨੂੰ ਘੱਟ ਕਰਨ ਲਈ ਸਥਾਈ ਰੁਕਾਵਟਾਂ

ਪੁਲਿਸ ਨੂੰ ਅੱਤਵਾਦ ਦੇ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈਣ ਦੇ ਅਧਿਕਾਰ ਲਈ ਨਵੇਂ ਕਾਨੂੰਨ

### ਭਾਈਚਾਰੇ ਨਾਲ਼ ਵੱਧ ਰਿਹਾ ਸੰਪਰਕ

32 ਥਾਣਿਆਂ ਅਤੇ 10 ਪੁਲਿਸ ਨਿਵਾਸਾਂ ਦਾ ਅਪਗ੍ਰੇਡ

ਪੀ ਐੱਸ ਓਜ਼ ਦੀ ਤਬਦੀਲੀ-ਯੋਗ ਤਾਇਨਾਤੀ ਦੁਆਰਾ ਸੁਰੱਖਿਆ ਅਤੇ ਵਧੇਰੇ ਦਿਖਾਈ ਦੇਣ ਵਾਲ਼ੀ ਪੁਲਿਸ ਕਾਰਵਾਈ

ਸੀ ਬੀ ਡੀ ਦੀਆਂ 65 ਥਾਵਾਂ ਉੱਤੇ ਆਪਾਤਕਾਲੀਨ ਮੌਕਿਆਂ ਦੌਰਾਨ ਲੋਕਾਂ ਨੂੰ ਸਪਸ਼ਟ ਚਿਤਾਵਨੀ ਅਤੇ ਦਿਸ਼ਾ ਨਿਰਦੇਸ਼ ਦੇਣ ਲਈ ਇੱਕ ਨਵਾਂ ਜਨਤਕ ਐਡਰੈਸ ਸਿਸਟਮ

ਟ੍ਰਾਮਾਂ 'ਤੇ ਗਸ਼ਤ ਕਰ ਰਹੇ ਵਧੇਰੇ ਪੀ ਐੱਸ ਓਜ਼ ਦੀ ਤਾਇਨਾਤੀ ਨਾਲ਼ ਸੁਰੱਖਿਅਤ ਜਨਤਕ ਟ੍ਰਾਂਸਪੋਰਟ ਅਤੇ ਯਾਤਰੀਆਂ ਵਿੱਚ ਵਧੇਰੇ ਭਰੋਸੇਯੋਗਤਾ

ਪਬਲਿਕ ਸੇਫਟੀ ਇਨਫਰਾਸਟਰਕਚਰ ਫੰਡ ਦੇ ਜ਼ਰੀਏ ਵਧੇਰੇ ਸੀਸੀਟੀਵੀ ਤਕਨਾਲੋਜੀ, ਰੋਸ਼ਨੀ ਦਾ ਨਵੀਨੀਕਰਣ ਅਤੇ ਸਥਾਨਕ ਗ਼ਲੀ-ਮੁਹੱਲਿਆਂ ਦੀ ਸਟਰੀਟਸਕੇਪ ਵਿੱਚ ਸੁਧਾਰ

ਕ੍ਰਾਈਮਸਟੋਪਰਸ ਅਤੇ ਨੇਬਰਹੁੱਡ ਵਾਚ ਲਈ ਵੱਡਾ ਸਹਿਯੋਗ

24 ਘੰਟੇ ਚਲਦੀ ਨਵੀਂ ਪੁਲਿਸ ਸਹਾਇਤਾ ਲਾਈਨ, ਨਵਾਂ ਸੰਪਰਕ ਨੰਬਰ (13 14 44) ਅਤੇ ਗੈਰ-ਜ਼ਰੂਰੀ ਮਾਮਲਿਆਂ ਦੀ ਰਿਪੋਰਟ ਕਰਨ ਲਈ ਇੱਕ ਨਵੀਂ ਵੈਬਸਾਈਟ ਅਤੇ ਬੈਲਾਰਟ ਵਿੱਚ 200 ਮੁਲਾਜ਼ਮਾਂ ਨੂੰ ਨੌਕਰੀ

### ਪੀੜਤਾਂ ਨੂੰ ਪਹਿਲ

ਘਰੇਲੂ ਹਿੰਸਾ ਦੀ ਘਟਨਾਵਾਂ ਉੱਤੇ ਹੁਣ 249 ਨਵੇਂ ਮਾਹਿਰ ਅਧਿਕਾਰੀ ਕੰਮ ਕਰ ਰਹੇ ਹਨ ਜਿਸ ਨਾਲ਼ ਇਹਨਾਂ ਪ੍ਰਤੀ ਸੁਧਾਰ ਹੋਇਆ ਹੈ, ਅਤੇ ਜੂਨ 2020 ਤੱਕ ਸਾਰੇ 415 ਅਧਿਕਾਰੀ ਤਾਇਨਾਤ ਕੀਤੇ ਜਾਣਗੇ

ਜ਼ਿਆਦਾ ਪੁਲਿਸ ਵਾਲਿਆਂ ਨੂੰ ਸਰੀਰ ਉੱਤੇ ਪਹਿਨੇ ਗਏ ਕੈਮਰਿਆਂ ਨਾਲ਼ ਲੈਸ ਕੀਤਾ ਤਾਂਕਿ ਘਰੇਲੂ ਹਿੰਸਾ ਦੀਆਂ ਪੀੜਤਾਂ ਨੂੰ ਅਦਾਲਤ ਵਿੱਚ ਗਵਾਹੀ ਦੇਣ ਦੇ ਸਦਮੇ ਤੋਂ ਬਚਾਇਆ ਜਾ ਸਕੇ

ਵਿਕਟਿਮਜ਼ ਆਫ ਕ੍ਰਾਈਮ ਕਮਿਸ਼ਨਰ ਦੇ ਅਧਿਕਾਰਾਂ ਦਾ ਵਿਸਥਾਰ ਕਰਕੇ ਨਿਆਂ ਪ੍ਰਣਾਲੀ ਵਿੱਚ ਸ਼ਾਮਿਲ ਪੀੜਤਾਂ ਲਈ ਬਿਹਤਰ ਸਹਾਇਤਾ

ਦੀ ਸੈਂਟਰ ਆਫ਼ ਲਰਨਿੰਗ ਫਾਰ ਫੈਮਲੀ ਵਾਇਲਿੰਸ ਦੀ ਇੱਕ ਸਮਰਪਿਤ ਸਹੂਲਤ ਰਾਹੀਂ ਘਰੇਲੂ ਹਿੰਸਾ ਨੂੰ ਪੁਲਿਸ ਕਾਰਵਾਈ ਦਾ ਇੱਕ ਮੁੱਖ ਹਿੱਸਾ ਬਣਾਉਣਾ

### ਅਪਰਾਧੀਆਂ ਨੂੰ ਜ਼ਿੰਮੇਵਾਰ ਠਹਿਰਾਉਣਾ

ਗੰਭੀਰ ਜੁਰਮਾਂ ਲਈ ਮੁਸ਼ਕਲ ਜ਼ਮਾਨਤ ਕਾਨੂੰਨ ਜਿਨ੍ਹਾਂ ਵਿੱਚ ਵਧਦੀ ਹੋਈ ਕਾਰਜੈਕਿੰਗ ਅਤੇ ਘਰ ਵਿੱਚ ਵੜ੍ਹਕੇ ਕੀਤੇ ਹਮਲੇ ਸ਼ਾਮਿਲ ਹਨ

ਤਾਕਤਵਰ ਜ਼ਮਾਨਤ ਅਤੇ ਪੈਰੋਲ ਕਾਨੂੰਨ ਜੋ ਖ਼ਤਰਨਾਕ ਅਪਰਾਧੀਆਂ ਨੂੰ ਹਿਰਾਸਤ ਵਿੱਚ ਲੈਣ ਲਈ ਪੁਲਿਸ ਨੂੰ ਅਧਿਕਾਰ ਦਿੰਦੇ ਹਨ

ਕਿਸੇ ਘਰ, ਇਮਾਰਤ ਜਾਂ ਸਟੇਸ਼ਨਰੀ ਵਾਹਨ ਉੱਤੇ ਗੋਲੀ ਚਲਾਉਣ ਜਾਂ ਕਿਸੇ ਵਿਅਕਤੀ ਨੂੰ ਖਤਰੇ ਵਿੱਚ ਪਾਉਣ ਲਈ ਹਥਿਆਰਾਂ ਦੀ ਵਰਤੋਂ ਕਰਨਾ ਹੁਣ ਨਵੇਂ ਅਪਰਾਧਾਂ ਵਜੋਂ ਸ਼ਾਮਿਲ

ਡੀ.ਐੱਨ.ਏ. ਪ੍ਰਮਾਣ ਪ੍ਰਾਪਤ ਕਰਨ ਲਈ ਪੁਲਿਸ ਨੂੰ ਦਿੱਤੇ ਨਵੇਂ ਅਧਿਕਾਰ ਦੁਆਰਾ ਵਧੇਰੇ ਜੁਰਮਾਂ ਦਾ ਹੱਲ ਕੀਤਾ ਗਿਆ

### ਵਿਕਟੋਰੀਆ ਪੁਲਿਸ ਦੀ ਸਮਰੱਥਾ, ਸੱਭਿਆਚਾਰ ਅਤੇ ਤਕਨਾਲੋਜੀ ਵਿੱਚ ਸੁਧਾਰ

ਗੰਭੀਰ ਅਤੇ ਸੰਗਠਿਤ ਔਨਲਾਈਨ ਅਪਰਾਧਾਂ ਨੂੰ ਨਿਸ਼ਾਨਾ ਬਣਾਉਣ ਲਈ ਨਵੇਂ ਜਾਂਚਕਰਤਾ ਅਤੇ ਤਕਨੀਕ

ਨਵੇਂ ਫਿੰਗਰਪ੍ਰਿੰਟ ਮਾਹਿਰਾਂ ਨਾਲ਼ ਵਧੇਰੇ ਮਾਤਰਾ ਦੇ ਅਪਰਾਧ (ਕਾਰ-ਚੋਰੀ ਅਤੇ ਚੋਰੀਆਂ ਸਮੇਤ) ਹੱਲ ਕਰਨਾ

ਕਾਗਜ਼ੀ ਕਾਰਵਾਈ ਲਈ ਘੱਟ ਸਮਾਂ ਲੈਂਦੇ ਮੋਬਾਈਲ ਤਕਨੀਕ ਯੰਤਰਾਂ ਨਾਲ਼ ਪੁਲਿਸ ਨੂੰ ਵਧੇਰੇ ਫਰੰਟ-ਲਾਈਨ ਕੰਮਾਂ ਲਈ ਮੁਹਈਆ ਕਰਨਾ

ਵਿਕਟੋਰੀਆ ਪੁਲਿਸ ਕਰਮਚਾਰੀਆਂ ਲਈ ਮਾਨਸਿਕ ਸਿਹਤ ਦੇ ਇਲਾਜ ਲਈ ਤੁਰੰਤ ਪਹੁੰਚ ਬਣਾਉਣੀ

ਨਸ਼ਾ ਅਤੇ ਸ਼ਰਾਬ ਦੇ ਟੈਸਟ ਕਰਵਾਉਣ ਵਾਲੀਆਂ ਅਤੇ ਸਾਡੀਆਂ ਸੜਕਾਂ ਨੂੰ ਸੁਰੱਖਿਅਤ ਰੱਖਣ ਵਾਲੀਆਂ ਵਧੇਰੇ ਨਸ਼ਾ-ਟੈਸਟਿੰਗ ਬੱਸਾਂ

ਸਾਰੇ ਹਾਈਵੇਅ ਪੈਟਰੋਲ ਵਾਹਨਾਂ ਨੂੰ ਬਿਨਾਂ ਲਾਇਸੈਂਸ ਅਤੇ ਹੂਨ-ਚਾਲਕਾਂ 'ਤੇ ਸ਼ਿਕੰਜਾ ਕਸਣ ਲਈ ਸਵੈਚਾਲਤ ਨੰਬਰ ਪਲੇਟ ਪਹਿਚਾਣ ਦੀ ਤਕਨੀਕ